# ਅਸੀਂ ਯੁੱਗ ਸਿਰਜਾਂਗੇ

(ਨਾਟਕ ਸ਼ੁਰੂ ਹੋਣ 'ਤੇ ਸੂਬੇਦਾਰ ਦੀ ਬੈਠਕ ਦਾ ਦ੍ਰਿਸ਼ ਹੈ ਜੀਤੀ ਅਤੇ ਲਖਵੀਰ ਇਕ ਬਹਿਸ ਦੇ ਰੂਪ ਵਿਚ ਗੱਲਬਾਤ ਕਰਦੇ ਸਟੇਜ 'ਤੇ ਪ੍ਰਵੇਸ਼ ਕਰਦੇ ਹਨ।)

ਜੀਤੀ : ਵੀਰ ਜੀ, ਤੁਹਾਨੂੰ ਮੇਰੀ ਗੱਲ ਸੁਣਨੀ ਪਵੇਗੀ।

ਲੱਖਾ : ਮੈਂ ਸੁਣਦਾ ਪਿਆ ਹਾਂ, ਦਸ ਕੀ ਕਹਿਣਾ ਚਾਹੁੰਦੀ ਏ ?

ਜੀਤੀ : ਇਕ ਸੀਰੀ ਇਕ ਸਰਦਾਰ ਦੇ ਕੋਲ ਦੱਸ ਸਾਲਾਂ ਤੋਂ ਕੰਮ ਕਰਦਾ ਹੈ। ਉਥੇ ਖਾਦ ਦੀਆਂ ਤਿੰਨ ਬੋਰੀਆਂ ਚੋਰੀ ਹੋ ਜਾਂਦੀਆਂ ਹਨ। ਸਰਦਾਰ ਦਾ ਸ਼ੱਕ ਹੈ ਕਿ ਇਹ ਬੋਰੀਆਂ ਉਹਦੇ ਸੀਰੀ ਨੇ ਚੁਰਾ ਕੇ ਅੱਗੇ ਵੇਚ ਦਿੱਤੀਆਂ ਹਨ।

ਲੱਖਾ : ਸ਼ੱਕ ਨਹੀਂ, ਇਹ ਅਸਲੀਅਤ ਹੈ।

ਜੀਤੀ : ਚੱਲੋ ਅਸਲੀਅਤ ਹੀ ਸਹੀ, ਉਹ ਆਪਣੇ ਇਸ ਸੀਰੀ ਨੂੰ ਲੋਹੇ ਦੀਆਂ ਰਾਡਾ ਨਾਲ ਕੁਟਵਾਉਂਦਾ ਹੈ, ਆਪ ਠੁੱਡੇ ਮਾਰਦਾ ਹੈ। ਠੁੱਡਾ ਗਲਤ ਥਾਂ ਲੱਗ ਜਾਂਦਾ ਹੈ, ਉਹ ਸੀਰੀ ਉਥੇ ਹੀ ਢੇਰੀ ਹੋ ਜਾਂਦਾ ਹੈ। ਉਹਦੀ ਘਰਵਾਲੀ ਵਿਧਵਾ ਹੋ ਜਾਂਦੀ ਹੈ। ਉਹਦੇ ਬੱਚੇ ਯਤੀਮ ਹੋ ਜਾਂਦੇ ਹਨ। ਜੇ ਇਹ ਮੰਨ ਵੀ ਲਈਏ ਕਿ ਉਸ ਸੀਰੀ ਨੇ ਖਾਦ ਦੀਆਂ ਬੋਰੀਆਂ ਚੋਰੀ ਕੀਤੀਆਂ ਸਨ, ਕੀ ਸਰਦਾਰ ਜਾਂ ਕਹਿ ਲਵੋ ਸੋਢੀ ਅਮਰਜੀਤ ਸਿੰਘ ਹੋਰਾਂ ਦਾ ਹੱਕ ਸੀ ਕਿ ਕਾਨੂੰਨ ਨੂੰ ਆਪਣੇ ਹੱਥ ਲੈ ਕੇ ਉਹਨੂੰ ਜਾਨੋਂ ਹੀ ਮਾਰ ਦਿੰਦਾ।

ਲੱਖਾ : ਪਰ ਇਹ ਤਾਂ ਇਕ ਹਾਦਸਾ ਸੀ।

ਜੀਤੀ : ਇਹ ਹਾਦਸਾ ਨਹੀਂ ਸੀ, ਇਸਦੇ ਪਿੱਛੇ ਇਹ ਜ਼ਹਲਿਅਤ ਕੰਮ ਕਰ ਰਹੀ ਹੈ ਕਿ ਵੱਡੇ ਬੰਦੇ ਸਮਝਦੇ ਹਨ ਕਿ ਪੈਸੇ ਨਾਲ ਕਾਨੂੰਨ ਨੂੰ ਖਰੀਦਿਆ ਜਾ ਸਕਦਾ ਏ।

ਲੱਖਾ : ਪੈਸੇ ਨਾਲ ਕਾਨੂੰਨ ਕੀ, ਹਰ ਚੀਜ਼ ਖਰੀਦੀ ਜਾ ਸਕਦੀ ਹੈ, ਇਹ ਕੋਈ ਨਵੀਂ ਗੱਲ ਨਹੀਂ।

ਜੀਤੀ : ਹਾਂ ਨਵੀਂ ਨਹੀਂ, ਤਾਹੀਓਂ ਪੁਲਿਸ ਨਾਲ ਮਿਲ ਕੇ ਇਹ ਕਹਾਣੀ ਬਣਾ ਲਈ ਗਈ ਹੈ ਕਿ ਤੇਜੇ ਨੂੰ ਦਿਲ ਦੀ ਬਿਮਾਰੀ ਸੀ ਤੇ ਪੁੱਛ-ਗਿੱਛ ਦੇ ਦਰਮਿਆਨ ਉਹਦਾ ਦਿਲ ਫੇਲ੍ਹ ਹੋ ਗਿਆ। ਫੇਰ ਪੈਸੇ ਖਰਚ ਕੇ ਡਾਕਟਰ ਕੋਲੋਂ ਵੀ ਇਹ ਰਿਪੋਰਟ ਲੈਣ ਦੀ ਕੋਸ਼ਿਸ਼ ਕੀਤੀ ਜਾ

ਰਹੀ ਹੈ ਤਾਂ ਜੋ ਕੇਸ ਰਫਾ-ਦਫਾ ਹੋ ਜਾਏ ਤੇ ਹੈਰਾਨੀ ਵਾਲੀ ਗੱਲ ਇਹ ਹੈ ਕਿ ਤੁਸੀਂ ਵੀ ਸੋਢੀ ਹੋਰਾਂ ਦੇ ਮਦਦਗਾਰ ਬਣ ਗਏ ਹੋ।

ਲੱਖਾ : ਹੁਣ ਇਕ ਚੋਰ ਬੰਦਾ ਪੁੱਛ-ਗਿੱਛ ਵੇਲੇ ਡਰ ਨਾਲ ਦਮ ਤੋੜ ਦੇਵੇ ਤਾਂ ਇਹਦਾ ਇਹ ਮਤਲਬ ਨਹੀਂ ਕਿ ਮਾਲਕ ਫਾਹੇ ਲਗ ਜਾਏ।

ਜੀਤੀ : ਜਿਨਾਂ ਦੇ ਦਿਲਾਂ ਵਿਚ ਮਨੁੱਖੀ ਜ਼ਿੰਦਗੀ ਦੀ ਕੋਈ ਕੀਮਤ ਨਹੀਂ, ਉਨ੍ਹਾਂ ਨੂੰ ਫਾਹੇ ਲਗਣਾ ਹੀ ਚਾਹੀਦਾ ਹੈ। ਸਾਡੀ ਸਭਾ ਨੇ ਇਹ ਕੇਸ ਆਪਣੇ ਹੱਥ ਲੈ ਲਿਆ ਹੈ।

ਲੱਖਾ : ਮੈਨੂੰ ਪਤਾ ਏ ਤੁਹਾਡੀ ਸਭਾ ਦਾ, ਚਾਰ ਸਿਰ ਫਿਰੇ ਇਕੱਠੇ ਹੋ ਜਾਣ ਤਾਂ ਸਭਾ ਬਣਾ ਲੈਂਦੇ ਨੇ। ਤੇ ਮੈਨੂੰ ਇਹ ਵੀ ਪਤਾ ਏ ਕਿ ਮਾਸਟਰ ਜਗਤਾਰ ਇਹ ਸਭਾ ਬਣਾਉਣ ਵਾਲਿਆਂ ਵਿਚ ਮੋਹਰੀ ਏ ਤੇ ਤੂੰ ਉਹਦਾ ਡੰਡਾ ਚੁੱਕਣ ਵਾਲੀ ਏ ਤੇ ਤੂੰ ਡੰਡਾ ਕਿਉਂ ਚੁੱਕਦੀ ਏ ਇਹਦਾ ਵੀ ਮੈਨੂੰ ਪਤਾ ਏ, ਤੇ ਇਹੀ ਗੱਲ ਮੈਂ ਬਾਪੂ ਹੋਰਾਂ ਨਾਲ ਕਰਨੀ ਏ। ਇਹ ਲੁੱਚਪੁਣਾ ਮੇਰੀ ਬਰਦਾਸ਼ਤ ਤੋਂ ਬਾਹਰ ਏ।

ਜੀਤੀ : ਕੀ ਮੈਂ ਪੁੱਛ ਸਕਦੀ ਹਾਂ ਕਿ ਤੁਹਾਨੂੰ ਇਹੋ ਜਿਹੀਆਂ ਗੱਲਾਂ ਕਰਨ ਦਾ ਹੱਕ ਕਿਸ ਨੇ ਦਿੱਤਾ ਏ ?

ਲੱਖਾ : ਮੈਂ ਤੇਰਾ ਵੱਡਾ ਭਰਾ ਹਾਂ। ਤੂੰ ਕਿਥੇ ਜਾਂਦੀ ਏ, ਕਿਸ ਦੇ ਨਾਲ ਉਠਦੀ-ਬੈਠਦੀ ਏ, ਕੀ ਕਰਦੀ ਏ, ਇਹਦੀ ਜਾਣਕਾਰੀ ਰੱਖਣੀ ਤੇ ਪਹਿਰੇਦਾਰੀ ਕਰਨੀ ਮੇਰਾ ਫਰਜ਼ ਹੈ।

ਜੀਤੀ : ਮੈਂ ਇਹ ਮੰਨਣ ਤੋਂ ਇਨਕਾਰੀ ਹਾਂ ਕਿ ਤੁਹਾਨੂੰ ਮੇਰੇ 'ਤੇ ਪਹਿਰੇਦਾਰੀ ਕਰਨ ਦਾ ਕੋਈ ਹੱਕ ਹੈ।

ਲੱਖਾ : ਕਿਉਂ ?

ਜੀਤੀ : ਕਿਉਂਕਿ ਮੈਂ ਹੁਣ ਇਕ ਨਿੱਕੀ ਕੁੜੀ ਨਹੀਂ, ਮੇਰੇ ਕੁਝ ਹੱਕ ਹਨ, ਮੇਰੀ ਕੁਝ ਆਪਣੀ ਮਰਜ਼ੀ ਹੈ, ਮੈਨੂੰ ਇਹ ਵੀ ਪਤਾ ਹੈ, ਮੈਂ ਸਮਝਦੀ ਹਾਂ ਜਿਨਾਂ ਨਾਲ ਤੁਸੀਂ ਉਠਦੇ ਬੈਠਦੇ ਹੋ, ਮਹਿਫਲਾਂ ਸਜਾਉਂਦੇ ਹੋ ਉਹ ਚੰਗੇ ਬੰਦੇ ਨਹੀਂ। ਹੁਣ ਤੁਸੀਂ ਸੋਢੀ ਅਮਰਜੀਤ ਦੀ ਮਦਦ ਕਰ ਰਹੇ ਹੋ ਤੇ ਅਸੀਂ ਉਸਨੂੰ ਸਜ਼ਾ ਦਵਾਉਣ ਲਈ ਪੂਰਾ ਇਰਾਦਾ ਬਣਾ ਲਿਆ ਹੈ। ਇਸ ਕਰਕੇ ਮੇਰੇ ਤੇ ਤੁਹਾਡੇ ਦਰਮਿਆਨ ਇਕ ਲੀਕ ਖਿੱਚੀ ਗਈ ਹੈ, ਮੇਰਾ ਰਾਹ ਇਹ ਤੁਹਾਡਾ ਰਾਹ ਉਹ।

*(ਇਹ ਕਹਿ ਕੇ ਉਹ ਇਕ ਦਮ ਬਾਹਰ ਨਿਕਲ ਜਾਂਦੀ ਹੈ ਤੇ ਲੱਖਾ ਕਚੀਚੀ ਜਹੀ ਲੈਂਦਾ ਹੈ ਜਦੋਂ ਬਾਪੂ ਜੀ ਦਾਖ਼ਲ ਹੁੰਦੇ ਹਨ।)*

ਲੱਖਾ : ਬਾਪੂ ਜੀ ਤੁਹਾਡੇ ਨਾਲ ਮੈਂ ਗੱਲ ਕਰਨੀ ਏ।

ਬਾਪੂ ਜੀ : ਗੱਲ ਤਾਂ ਮੈਂ ਵੀ ਤੇਰੇ ਨਾਲ ਕੁਝ ਕਰਨੀ ਏ, ਪਰ ਪਹਿਲਾਂ ਤੂੰ ਕਰ

ਲੈ।

ਲੱਖਾ : ਮੈਂ ਮਾਸਟਰ ਜਗਤਾਰ ਤੇ ਜੀਤੀ ਦੇ ਸਬੰਧਾਂ ਨੂੰ ਠੀਕ ਨਹੀਂ ਸਮਝਦਾ।

ਬਾਪੂ ਜੀ : ਕਿਉਂ ? ਇਸ ਲਈ ਨਾ ਕਿ ਮਾਸਟਰ ਜਗਤਾਰ ਪੜ੍ਹਿਆ ਲਿਖਿਆ ਬੰਦਾ ਏ। ਦੇਸ ਵਿਚ ਜੋ ਵਰਤਾਰਾ ਚੱਲ ਰਿਹਾ, ਉਹਦੇ ਬਾਰੇ ਉਹਦੀ ਡੂੰਘੀ ਜਾਣਕਾਰੀ ਏ। ਉਹ ਸਮਾਜਕ ਨਿਆਂ ਦੇ ਸਿਧਾਂਤ ਨੂੰ ਅਪਣਾਉਂਦਾ ਏ। ਗਰੀਬ ਗੁਰਬੇ ਦੇ ਹੱਕ ਦੀ ਗੱਲ ਕਰਦਾ ਅਤੇ ਇਸ ਤੋਂ ਅੱਗੇ ਜੀਤੀ ਉਹਦੇ ਵਿਚਾਰਾਂ ਨਾਲ ਸਹਿਮਤ ਹੈ ਉਹਦੀ ਕਦਰ ਕਰਦੀ ਹੈ।

ਲੱਖਾ : ਉਹਦੇ ਵਿਚਰਾਂ ਨਾਲ ਸਹਿਮਤ ਹੋਵੇ ਕੋਈ ਗੱਲ ਨਹੀਂ, ਉਹਦੀ ਕਦਰ ਕਰੇ ਕੋਈ ਗੱਲ ਨਹੀਂ ਪਰ ਇਹ ਕਦਰ ਤੇ ਸਹਿਮਤੀ ਉਸ ਹੱਦ ਤੱਕ ਵੱਧ ਜਾਏ ਕਿ ਪਿੰਡ ਵਿਚ ਚਰਚਾ ਹੋ ਜਾਏ ਤਾਂ ਇਤਰਾਜ ਹੋਣਾ ਜ਼ਰੂਰੀ ਏ। ਜੇ ਤੁਹਾਨੂੰ ਮੇਰੇ 'ਤੇ ਯਕੀਨ ਨਹੀਂ ਤਾਂ ਚਾਚਾ ਗੁਰਦੇਵ ਸਿੰਘ ਨਾਲ ਗੱਲ ਕਰ ਲਵੋ।

ਬਾਪੂ ਜੀ : ਤੇਰਾ ਉਹ ਚਾਚਾ ਮੇਰੇ ਨਾਲ ਸਿੱਧੀ ਗੱਲ ਕਿਉਂ ਨਹੀਂ ਕਰਦਾ ? ਇਸ ਲਈ ਕਿ ਜਵਾਨੀ ਵੇਲੇ ਉਹ ਜਿਸ ਕਿਰਦਾਰ ਦਾ ਮਾਲਿਕ ਸੀ ਉਹ ਮੇਰੇ ਕੋਲੋਂ ਭੁੱਲਿਆ ਨਹੀਂ ਹੋਇਆ। ਤੂੰ ਵੀ ਸੁਣ ਲੈ ਮੈਂ ਜੀਤੀ ਦਾ ਬਾਪ ਹਾਲੀ ਜ਼ਿੰਦਾ ਹਾਂ ਤੇ ਮੇਰੇ ਹੁੰਦਿਆਂ ਤੈਨੂੰ ਜੀਤੀ ਬਾਰੇ ਫਿਕਰ ਕਰਨ ਦੀ ਲੋੜ ਨਹੀਂ ਤੇ ਜਿਹੜੇ ਮੁੰਡਿਆਂ ਦੀ ਮਹਿਫਲ ਵਿਚ ਤੂੰ ਬੈਠਾ ਰਹਿੰਦਾ ਉਹ ਮੈਨੂੰ ਪਸੰਦ ਨਹੀਂ, ਸਾਰੇ ਈ ਵਿਹਲੇ।

ਲੱਖਾ : ਜੇ ਵਿਹਲੇ ਹਾਂ ਤਾਂ ਇਸ ਵਿਚ ਸਾਡਾ ਕੀ ਕਸੂਰ ਹੈ ?

ਬਾਪੂ ਜੀ : ਕਸੂਰ ਤੁਹਾਡਾ ਇਹ ਹੈ ਕਿ ਤੁਸੀਂ ਇਹ ਜਾਣਕਾਰੀ ਲੈਣ ਦਾ ਯਤਨ ਹੀ ਨਹੀਂ ਕਰਦੇ ਕਿ ਤੁਸੀਂ ਵਿਹਲੇ ਕਿਉਂ ਹੋ, ਇਹੋ ਤੁਹਾਡਾ ਤੇ ਮਾਸਟਰ ਜਗਤਾਰ ਦਾ ਫਰਕ ਹੈ। ਬਾਕੀ ਜੀਤੀ ਤੇ ਮਾਸਟਰ ਜਗਤਾਰ ਦਾ ਕੀ ਰਿਸ਼ਤਾ ਉਹਦੇ ਬਾਰੇ ਮੈਂ ਸੰਜੀਦਗੀ ਨਾਲ ਸੋਚ ਰਿਹਾ ਹਾਂ ਤੇ ਸ਼ਾਇਦ ਮੈਂ ਜਲਦੀ ਹੀ ਕੋਈ ਫ਼ੈਸਲਾ ਕਰ ਲਵਾਂ।

ਲੱਖਾ : ਤੁਸੀਂ ਬਾਪੂ ਜੀ ਸਾਰੀ ਉਮਰ ਪਤਾ ਨਹੀਂ ਕਾਹਦੀ ਸੂਬੇਦਾਰੀ ਕੀਤੀ ਏ ਸਾਰੀ ਦੁਨੀਆ ਤੁਸੀਂ ਫਿਰੇ ਹੋ ਪਰ ਨਿੱਕੀ ਜਿਹੀ ਗੱਲ ਦੀ ਤੁਹਾਨੂੰ ਪਤਾ ਨਹੀਂ ਕਿਉਂ ਸਮਝ ਨਹੀਂ ਆਉਂਦੀ। ਪਤਾ ਉਦੋਂ ਲੱਗੇਗਾ ਜਦੋਂ ਨੱਕ ਵੱਢਿਆ ਜਾਏਗਾ।

ਬਾਪੂ ਜੀ : ਹਾਲੀ ਤਾਂ ਨੱਕ ਮੇਰਾ ਤੇਰੇ ਕਰਕੇ ਵੱਢਿਆ ਜਾ ਰਿਹਾ ਏ। ਤੇਰੇ ਬਹੁਤ ਸਾਰੇ ਕਾਰਨਾਮੇ ਮੈਨੂੰ ਵੇਖਣ ਨੂੰ ਮਿਲੇ ਨੇ, ਮੈਂ ਫ਼ੌਜ ਦੀ ਨੌਕਰੀ ਕੀਤੀ, ਬੜਾ ਕੁਝ ਖੱਟਿਆ ਪਰ ਗਵਾਇਆ ਵੀ ਬਹੁਤ ਕੁਝ ਹੈ। ਮੇਰੇ ਬਹੁਤ

ਚਿਰ ਘਰੋਂ ਬਾਹਰ ਰਹਿਣ ਦਾ ਇਹ ਨਤੀਜਾ ਨਿਕਲਿਆ ਕਿ ਤੂੰ ਇਕ ਮਾਂ ਦੇ ਵਿਗੜੇ ਹੋਏ ਪੁੱਤਰ ਦੀ ਸ਼ਕਲ ਵਿਚ ਵੱਡਾ ਹੋਇਆ। ਤੈਨੂੰ ਵੱਡੇ ਵਡੇਰਿਆਂ ਦਾ ਕੋਈ ਲਿਹਾਜ਼ ਨਹੀਂ, ਬਸ ਆਪਣੇ ਆਪ ਨੂੰ ਲਾਟੀਕੀਨ ਸਮਝਦੈਂ।

ਲੱਖਾ : ਆਹੋ ਸਮਝਦਾ ਤੇ ਮੈਂ ਨਹੀਂ ਚਾਹੁੰਦਾ ਕਿ ਜਗਤਾਰ ਸਿੰਘ ਘਰ ਵਿਚ ਆਵੇ, ਤੁਹਾਡੇ ਨਾਲ ਗੱਲਾਂ ਕਰਨ ਦੇ ਬਹਾਨੇ ਇਥੇ ਅਰਾਮ ਨਾਲ ਚਾਹ ਦੀਆਂ ਚੁਸਕੀਆਂ ਭਰਦਾ ਰਹੇ। ਤੇ ਜੀਤੀ ਤੁਹਾਡੀਆਂ ਗੱਲਾਂ ਸੁਣਨ ਦੇ ਬਹਾਨੇ ਉਹਦੇ ਵੱਲ ਪਿਆਰ ਨਾਲ ਵੇਖਦੀ ਰਹੇ ਜਾਂ ਉਹ ਉਹਦੇ ਵੱਲ ਪਿਆਰ ਨਾਲ ਵੇਖਦਾ ਰਹੇ। ਕੁੜੀ ਮੁੰਡੇ ਦੇ ਪਿਆਰ ਦੀਆਂ ਗੱਲਾਂ ਟੈਲੀਵਿਜ਼ਨ ਵਿਚ ਵੇਖਣ ਨੂੰ ਮਿਲਦੀਆਂ ਨੇ ਪਰ ਇਹ ਕਦੀ ਨਹੀਂ ਵੇਖਿਆ ਕਿ ਕੋਈ ਬਾਪ ਕਿਸੇ ਮੁੰਡੇ ਨੂੰ ਕੋਲ ਬਿਠਾ ਕੇ ਕਹੇ ਲੈ ਬਈ ਮੁੰਡਿਆਂ ਕਰ ਮੇਰੀ ਧੀ ਨੂੰ ਪਿਆਰ ਤੇ ਕੁਛੜ ਬਹਿ ਕੇ ਮੇਰੀ ਦਾਹੜੀ ਮੁੰਨ।

ਬਾਪੂ ਜੀ : ਤੈਨੂੰ ਪਤਾ ਕਿ ਤੂੰ ਕੀ ਬਕਵਾਸ ਕਰ ਰਿਹਾਂ?

ਲੱਖਾ : ਮੈਨੂੰ ਪਤਾ ਕਿ ਮੈਂ ਕੀ ਬਕਵਾਸ ਕਰ ਰਿਹਾਂ ਹਾਂ, ਫ਼ੌਜ ਦੀ ਨੌਕਰੀ 'ਚ ਇਕੋ ਹੀ ਭੈੜ ਏ ਕਿ ਬੰਦਾ ਹਾਲੀ ਬੁੱਢਾ ਨਹੀਂ ਹੁੰਦਾ ਪਰ ਉਹਨੂੰ ਬੁੱਢਾ ਬਣਾ ਕੇ ਪੈਨਸ਼ਨ ਦੇ ਦਿੰਦੇ ਨੇ ਕਿ ਜਾ ਬੁੱਢਿਆਂ ਹੁਣ ਘਰ ਬੈਠ ਮਾਸਟਰ ਜਗਤਾਰ ਨਾਲ ਗੱਪਾ ਮਾਰ ਤੇ ਮੁੰਡੇ ਕੁੜੀਆਂ ਦਾ ਇਸ਼ਕ ਵੇਖ, ਕੁੜੀ ਭਾਵੇਂ ਆਪਣੀ ਧੀ ਕਿਉਂ ਨਾ ਹੋਵੇ।

ਬਾਪੂ ਜੀ : ਤੂੰ ਏਥੋਂ ਦਫਾ ਹੋ ਜਾਹ ਤੇ ਅੱਗੇ ਤੋਂ ਮੇਰੇ ਨਾਲ ਇਸ ਵਿਸ਼ੇ 'ਤੇ ਕੋਈ ਗੱਲ ਨਾ ਕਰੀਂ, ਮੈਂ ਦੁਨੀਆ ਵੇਖੀ ਏ ਤੇ ਮੈਨੂੰ ਪਤਾ ਕਿ ਮੈਂ ਕੀ ਕਰਨਾ ਤੇ ਕੀ ਨਹੀਂ ਕਰਨਾ।

ਅਸੀਂ ਜੋ ਸੱਥ ਵਿਚ ਹੀਰ ਗਾਉਂਦੇ ਹਾਂ
ਘਰ ਵਿਚ ਧੀ ਦੇ ਨੱਕ ਨਕੇਲ ਪਾਉਂਦੇ ਹਾਂ
ਕੋਈ ਜ਼ੁਰਮ ਨਹੀਂ ਕਰਦੇ ਕਿੱਸਿਆਂ ਦੇ ਕੱਕੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ

*(ਦੋਨੋਂ ਆਪਣੇ-ਆਪਣੇ ਪਾਸੇ ਬਾਹਰ ਚਲੇ ਜਾਂਦੇ ਹਨ। ਪਿਛੋਂ ਅਵਾਜ਼ ਤੇ ਕਹਾਣੀ ਅੱਗੇ ਤੁਰਦੀ ਹੈ। ਲੱਖਾ ਅਖ਼ਬਾਰ ਪੜ੍ਹ ਰਿਹਾ ਤੇ ਜਗਤਾਰ ਆਉਂਦਾ ਹੈ, ਲੱਖਾ ਜਗਤਾਰ ਨੂੰ ਵੇਖ ਕੇ ਕਹਿੰਦਾ ਹੈ।)*

ਲੱਖਾ : ਆਓ ਮਾਸਟਰ ਜੀ, ਕਿਸ ਤਰ੍ਹਾਂ ਆਏ ਹੋ? ਕਿਸ ਨੂੰ ਮਿਲਣਾ ਏ?

ਜਗਤਾਰ : ਸੂਬੇਦਾਰ ਹੋਰਾਂ ਨੂੰ ਮਿਲਣੈ ਤੇ ਨਾਲੇ ਜੀਤੀ ਨੂੰ ਵੀ ਮੀਟਿੰਗ ਦੀ

ਇਤਲਾਹ ਦੇਣੀ ਏ। ਕਿਉਂ ਤੁਹਾਨੂੰ ਕੋਈ ਇਤਰਾਜ ਏ ? ਜੇ ਇਤਰਾਜ ਹੈ ਤਾਂ ਹੁੰਦਾ ਰਹੇ ਕਿਉਂਕਿ ਜ਼ਿੰਦਗੀ ਇਤਰਾਜ਼ ਕਰਨ ਵਾਲਿਆਂ ਦੇ ਸਹਾਰੇ ਨਹੀਂ ਖਲੋ ਜਾਂਦੀ, ਉਹ ਆਪਣੀ ਮਰਜ਼ੀ ਨਾਲ ਅੱਗੇ ਚਲਦੀ ਹੈ।

*(ਲੱਖਾ ਅਖ਼ਬਾਰ ਰੱਖ ਕੇ)*

ਲੱਖਾ : ਗੱਲ ਇਹ ਹੈ ਕਿ ਤੁਸੀਂ ਅੱਗੇ ਤੋਂ ਇਥੇ ਨਹੀਂ ਆਉਣਾ।

ਜਗਤਾਰ : ਕੀ ਸੂਬੇਦਾਰ ਹੋਰਾਂ ਦੀ ਵੀ ਇਹੋ ਮਰਜ਼ੀ ਏ ?

ਲੱਖਾ : ਹਾਂ ਉਹ ਮੇਰੇ ਬਾਪੂ ਜੀ ਨੇ ਤੇ ਮੈਂ ਉਨ੍ਹਾਂ ਦਾ ਪੁੱਤਰ ਹਾਂ, ਮੇਰੀ ਮਰਜ਼ੀ ਉਨ੍ਹਾਂ ਦੀ ਮਰਜ਼ੀ ਹੁੰਦੀ ਹੈ।

ਜਗਤਾਰ : ਪਰ ਇਹ ਤਾਂ ਉਲਟ ਗੱਲ ਏ, ਆਮ ਤੌਰ 'ਤੇ ਬਾਪੂ ਦੀ ਮਰਜ਼ੀ ਪੁੱਤਰ ਦੀ ਮਰਜ਼ੀ ਹੁੰਦੀ ਹੈ। ਉਂਝ ਇਹ ਦੁੱਖ ਦੀ ਗੱਲ ਏ ਕਿ ਤੁਹਾਡੇ ਵਰਗਾ ਬੰਦਾ ਸੂਬੇਦਾਰ ਹੋਰਾਂ ਦਾ ਪੁੱਤਰ ਏ।

ਲੱਖਾ : (ਗੁੱਸੇ ਨਾਲ) ਮੈਂ ਘਰ ਵਿਚ ਕੋਈ ਲੁੱਚਪੁਣਾ ਬਰਦਾਸ਼ਤ ਨਹੀਂ ਕਰ ਸਕਦਾ।

ਜਗਤਾਰ : ਪਰ ਪਿੰਡ ਵਿਚ ਕਰ ਸਕਦੇ ਹੋ ਤੇ ਲੁੱਚਪੁਣਾ ਵੀ ਉਹ, ਜਿਹਦਾ ਸ਼ਿਕਾਰ ਤੁਹਾਡੀ ਆਪਣੀ ਭੈਣ ਹੋਵੇ। ਪਰ ਇਹ ਨਾ ਭੁੱਲਣਾ ਕਿ ਅੱਜ ਦੇ ਸਮੇਂ ਚੰਗੀ ਜ਼ਿੰਦਗੀ ਲਈ ਸੰਘਰਸ਼ ਨੇ ਲੋਕਾਂ ਨੂੰ ਦੋ ਧਿਰਾਂ ਵਿਚ ਵੰਡ ਦਿੱਤੈ, ਇਕ ਧਿਰ ਉਹ ਹੈ ਜੋ ਜ਼ਿੰਦਗੀ ਨੂੰ ਜਿਥੇ ਖਲੋਤੀ ਹੈ ਉਥੇ ਹੀ ਖਲੋਤਾ ਵੇਖਣਾ ਚਾਹੁੰਦੀ ਹੈ ਤੇ ਇਕ ਧਿਰ ਉਹ ਹੈ ਜੋ ਜ਼ਿੰਦਗੀ ਦੀ ਪ੍ਰਗਤੀ ਵਿਚ ਯਕੀਨ ਰਖਦੀ ਹੈ। ਇਹ ਹੀ ਸਾਡੇ ਦੇਸ਼ ਵਿਚ ਹੈ, ਪਿੰਡ ਵਿਚ ਹੈ, ਤੇ ਮੈਂ ਦੱਸ ਦੇਵਾਂ ਕਿ ਤੁਸੀਂ ਪਹਿਲੀ ਧਿਰ ਵਿਚ ਹੋ ਤੇ ਮੈਂ ਦੂਜੀ ਧਿਰ ਵਿਚ, ਮੈਨੂੰ ਅਫਸੋਸ ਹੈ ਕਿ ਮੈਂ ਤੁਹਾਡੀ ਗੱਲ ਨਹੀਂ ਮੰਨ ਸਕਦਾ ਕਿਉਂਕਿ ਮੈਂ ਸਮਝਦਾਂ ਕਿ ਜੀਤੀ ਤੁਹਾਡੇ ਕਬਜੇ ਵਿਚ ਕੋਈ ਬੇਜਾਨ ਚੀਜ਼ ਨਹੀਂ, ਉਹ ਸਿਆਣੀ ਕੁੜੀ ਏ, ਇਕ ਸੋਚਣ ਵਾਲੀ ਕੁੜੀ ਏ।

ਲੱਖਾ : ਉਹ ਸਿਆਣੀ ਕੁੜੀ ਹੈ, ਇਕ ਸੋਚਣ ਵਾਲੀ ਕੁੜੀ ਹੈ ਤੇ ਫਿਰ ਮੈਂ ਮੂਰਖ ਹਾਂ, ਨਾ ਸੋਚਣ ਵਾਲਾ ਵਿਅਕਤੀ ਹਾਂ, ਇਹੋ ਕਹਿਣਾ ਚਾਹੁੰਦੇ ਹੋ ?

ਜਗਤਾਰ : ਮੈਂ ਤਾਂ ਇਹ ਸ਼ਬਦ ਨਹੀਂ ਵਰਤੇ ਤੇ ਨਾ ਹੀ ਮੈਂ ਕੋਈ ਰਾਏ ਤੁਹਾਡੇ ਬਾਰੇ ਦੇਣਾ ਚਾਹੁੰਦਾ ਹਾਂ। ਮੈਂ ਇਹ ਜਾਨਣਾ ਚਾਹੁੰਦਾ ਕਿ ਕੀ ਜੀਤੀ ਘਰ ਹੈ, ਜੇ ਘਰ ਹੈ ਤਾਂ ਬੁਲਾ ਦਿਓ।

ਲੱਖਾ : ਮੈਂ ਕੋਈ ਨੌਕਰ ਨਹੀਂ।

ਜਗਤਾਰ : ਤਾਂ ਮਾਲਕ ਵੀ ਨਹੀਂ ਹੋ ਕਿਉਂਕਿ ਜਿਥੋਂ ਤੱਕ ਮੇਰੀ ਜਾਣਕਾਰੀ ਹੈ ਇਹ ਘਰ ਦੇ ਮਾਲਕ ਸੂਬੇਦਾਰ ਸਾਹਿਬ ਨੇ ਤੇ ਉਨ੍ਹਾਂ ਦੇ ਘਰ ਹੀ ਮੈਂ ਆਉਂਦਾ।

ਲੱਖਾ : ਪਰ ਉਹ ਮੇਰੇ ਪਿਤਾ ਨੇ।

ਜਗਤਾਰ : ਮੈਂ ਕਦੋਂ ਕਹਿੰਦਾ ਕਿ ਤੁਸੀਂ ਉਨ੍ਹਾ ਦੇ ਪੁੱਤਰ ਨਹੀਂ, ਪਰ ਜ਼ਰੂਰੀ ਨਹੀਂ ਕਿ ਜੇ ਤੁਸੀਂ ਉਨ੍ਹਾਂ ਦੇ ਪੁੱਤਰ ਹੋ ਤਾਂ ਉਨ੍ਹਾਂ ਵਰਗੇ ਹੀ ਹੋ, ਜੇ ਤੁਸੀਂ ਜੀਤੀ ਨੂੰ ਨਹੀਂ ਬੁਲਾ ਸਕਦੇ ਤਾਂ ਮੈਂ ਅੰਦਰ ਜਾ ਕੇ ਉਨ੍ਹਾਂ ਨੂੰ ਬੁਲਾ ਲੈਂਦਾ।

ਲੱਖਾ : ਪਰ ਤੁਸੀਂ ਉਹਨੂੰ ਕਿਉਂ ਬੁਲਾਉਣਾ ਚਾਹੁੰਦੇ ਹੋ‹

ਜਗਤਾਰ : ਕਿਉਂਕਿ ਥਾਣੇ ਦਾ ਘਿਰਾਓ ਕਰਨਾ ਏ, ਸੋਢੀ ਅਮਰਜੀਤ ਦੀ ਗ੍ਰਿਫ਼ਤਾਰੀ ਦੀ ਮੰਗ ਕਰਨੀ ਏ।ਔਰਤਾਂ ਨੇ ਵੀ ਜਾਣਾ ਹੈ ਤੇ ਔਰਤਾਂ ਦੀ ਅਗਵਾਈ ਜੀਤ ਨੇ ਕਰਨੀ ਏ।

ਲੱਖਾ : ਤੇ ਮਰਦਾਂ ਦੀ ਅਗਵਾਈ ਤੁਸੀਂ ਕਰਨੀ ਏ ਤੇ ਤੁਹਾਨੂੰ ਦੱਸ ਦੇਵਾਂ ਕਿ ਤੁਹਾਡੇ ਹੁਕਮ ਦੀ ਬੱਝੀ ਤੁਹਾਡੀ ਚੇਲੀ ਪਹਿਲਾਂ ਹੀ ਵਿਹੜਿਆਂ ਵਿਚ ਚਲੀ ਗਈ ਏ।

ਜਗਤਾਰ : ਸ਼ੁਕਰੀਆ। (ਕਹਿ ਕੇ ਬਾਹਰ ਜਾਂਦਾ ਹੈ।)

ਲੱਖਾ : (ਲੱਖਾ ਆਪਣੇ ਆਪ ਨਾਲ ਗੱਲਾਂ ਕਰਦਾ ਹੈ) ਇਸ ਮਾਸਟਰ ਜਗਤਾਰ ਸਿੰਘ ਨੂੰ ਵੀ ਮੈਂ ਹੁਣ ਵੇਖਾਂਗਾ।ਗੱਲਾਂ ਇਸ ਤਰ੍ਹਾਂ ਕਰਦਾ ਹੈ ਜਿਸ ਤਰ੍ਹਾਂ ਘਰ ਦਾ ਮਾਲਕ ਇਹ ਹੈ ਮੈਂ ਨਹੀਂ ਤੇ ਇਹ ਮਾਸਟਰ ਜਗਤਾਰ ਨੂੰ ਵੀ ਮੈਂ ਵੇਖ ਲਵਾਂਗਾ।

*(ਸ਼ਿੰਗਾਰਾ ਸਿੰਘ ਤੇ ਲਖਵਿੰਦਰ ਦੀ ਗੱਲਬਾਤ)*

ਸ਼ਿੰਗਾਰਾ : ਲਖਵਿੰਦਰ ਸਿੰਘ ਜੀ ਘਰੇ ਹੀ ਹੋ ?

ਲੱਖਾ : ਲੰਘ ਆ ਸ਼ਿੰਗਾਰਿਆ ਲੰਘ ਆ ਘਰੇ ਹੀ ਹਾਂ।

ਸ਼ਿੰਗਾਰਾ : ਸਤਿ ਸ੍ਰੀ ਕਾਲ ਸਰਦਾਰ ਜੀ, ਕਹੋ ਕਿਸ ਤਰ੍ਹਾਂ ਯਾਦ ਕੀਤਾ ?

ਲੱਖਾ : ਉਹ ਤੁਹਾਡੇ ਵਿਹੜੀ ਵਿਚ ਤਾਂ ਅੱਜਕਲ੍ਹ ਬੜੀ ਹਿੱਲ ਜੁੱਲ ਏ, ਬੜੇ ਜਲੂਸ ਨਿਕਲਦੇ, ਥਾਣਿਆਂ ਦੇ ਘਿਰਾਓ ਹੋ ਰਹੇ ਨੇ, ਟਿੱਡੀਆਂ ਨੂੰ ਪਰ ਲੱਗ ਗਏ ਨੇ।

ਸ਼ਿੰਗਾਰਾ : ਆਹੋ ਜੀ, ਮਾਸਟਰ ਜਗਤਾਰ ਰਾਤ ਦੇਰ ਤੱਕ ਲੋਕਾਂ ਨੂੰ ਸਮਝਾਉਂਦੇ ਰਹਿੰਦੇ ਨੇ ਤੇ ਆਪਣੀ ਜੀਤ ਵੀ ਬਹੁਤ ਵਾਰ ਨਾਲ ਹੁੰਦੀ ਏ।

ਲੱਖਾ : ਕੀ ਗੱਲਾਂ ਕਰਦੇ ਨੇ ?

ਸ਼ਿੰਗਾਰਾ : ਇਹ ਕਿ ਇਸ ਧਰਤੀ 'ਤੇ ਦੋ ਵਰਗ ਦੇ ਲੋਕ ਰਹਿੰਦੇ ਨੇ, ਇਕ ਅਸੀਂ ਜਿਨ੍ਹਾਂ ਕੋਲ ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਨੇ ਤੇ ਦੂਜੇ ਗਰੀਬ

ਜਿਨ੍ਹਾਂ ਕੋਲ ਕੋਈ ਸਹੂਲਤ ਨਹੀਂ।

ਲੱਖਾ : ਪੁਰਾਣੀਆਂ ਗੱਲਾਂ।

ਸ਼ਿੰਗਾਰਾ : ਹਨ ਤਾਂ ਜੀ ਪੁਰਾਣੀਆਂ ਗੱਲਾਂ ਪਰ ਹਨ ਸੱਚੀਆਂ।

ਲੱਖਾ : ਉਏ ਕੀ ਸੱਚੀਆਂ ਨੇ, ਹੁਣ ਜਿਹੜੇ ਜ਼ਮੀਨਾਂ ਵਾਲੇ ਨੇ ਉਹਨਾਂ ਵਿਰੜੀਆਂ ਵਿਚ ਤਾਂ ਨਹੀਂ ਆ ਜਾਣਾ ਤੇ ਜਿਹੜੇ ਵਿਰੜੀਆਂ ਵਾਲੇ ਨੇ ਤੇ ਉਹਨਾਂ ਤਾਂ ਜ਼ਮੀਨਾ ਵਾਲੇ ਤਾਂ ਨਹੀਂ ਬਣ ਜਾਣਾ। ਇਹ ਤਾਂ ਧੁਰ ਦੀਆ ਲਿਖੀਆਂ ਲਕੀਰਾਂ ਨੇ, ਇਸ ਵਿਚ ਨਾ ਮੈਂ ਕੁਝ ਕਰ ਸਕਦਾ ਹਾਂ ਨਾ ਜੀਤੀ ਕਰ ਸਕਦੀ ਏ ਤੇ ਨਾ ਉਹ ਮਾਸਟਰ ਜਗਤਾਰ!

ਸ਼ਿੰਗਾਰਾ : ਪਰ ਮਾਸਟਰ ਜਗਤਾਰ ਤੇ ਕਹਿੰਦਾ ਏ ਜੀ ਕਿ ਸਭ ਕੁਝ ਹੋ ਸਕਦਾ ਏ, ਜੋ ਮਿਹਨਤ ਕਰਨ ਵਾਲੇ ਨੇ ਉਹ ਜ਼ਿੰਦਗੀ ਦੀਆਂ ਸਹੂਲਤਾਂ ਦੇ ਮਾਲਕ ਹੋ ਸਕਦੇ ਨੇ। ਹੁਣ ਤਾਂ ਜੀ ਮੈਂ ਸੋਚਦਾ ਹਾਂ ਕਿ ਤੇਜੂ ਕੋਲ ਆਪਣੇ ਲਈ ਆਪਣੇ ਬੱਚਿਆਂ ਲਈ ਖਾਣ ਨੂੰ ਦਾਣੇ ਹੁੰਦੇ ਤਾਂ ਉਹ ਖਾਦ ਦੀ ਚੋਰੀ ਨਾ ਕਰਦਾ, ਨਾ ਚੋਰ ਬਣਦਾ ਨਾ ਸਰਦਾਰ ਦੇ ਬੰਦਿਆਂ ਕੋਲ ਮਾਰ ਖਾਂਦਾ, ਨਾ ਉਹਦੇ ਨਲਾਂ ਵਿਚ ਠੁੱਡੇ ਵੱਜਦੇ, ਨਾ ਉਹ ਆਪਣੇ ਬੱਚਿਆਂ ਨੂੰ ਯਤੀਮ ਕਰਦਾ! ਪਰ ਤੁਸੀਂ ਦੱਸੋ ਕਿਵੇਂ ਯਾਦ ਕੀਤਾ?

ਲੱਖਾ : ਉਹ ਇਸ ਮਾਸਟਰ ਜਗਤਾਰ ਦਾ ਕੰਡਾ ਕੱਢਣਾ ਏ।

ਸ਼ਿੰਗਾਰਾ : ਕੰਡਾ ਕੱਢਣਾ... ਹੂੰ ਸਮਝ ਗਿਆ, ਤੁਹਾਡੀ ਇੱਜ਼ਤ ਦਾ ਸਵਾਲ ਏ, ਲੋਕ ਚਰਚਾ ਕਰਦੇ ਨੇ ਕਿ ਮਾਸਟਰ ਜਗਤਾਰ ਦੇ ਤੇ ਸੂਬੇਦਾਰ ਦੀ ਕੁੜੀ ਦੇ ਨੇੜੇ ਦੇ ਸੰਬੰਧ ਨੇ, ਜਵਾਨ ਦਿਲ ਨੇ ਇਕੋ ਜਿਹਾ ਸੋਚਦੇ ਨੇ, ਪਰ ਜੇ ਇਕੋ ਜਿਹਾ ਸੋਚਦੇ ਨੇ ਤਾਂ ਫਿਰ ਇਹ ਦਾ ਇਹ ਮਤਲਬ ਤਾਂ ਨਹੀਂ ਕਿ ਸੂਬੇਦਾਰ ਹੋਰਾਂ ਦੀ ਇੱਜ਼ਤ ਨਾਲ ਖੇਡੇ। ਪਰ ਇੱਜ਼ਤ ਬਚ ਸਕਦੀ ਏ ਜੇ ਸੂਬੇਦਾਰ ਹੋਰੀਂ ਜਗਤਾਰ ਤੇ ਜੀਤੀ ਦਾ ਸਬੰਧ ਜੋੜ ਦੇਣ। ਮਾਸਟਰ ਜਗਤਾਰ ਚੰਗਾ ਬੰਦਾ ਏ, ਚੰਗੀ ਗੱਲ ਕਰਦਾ ਏ, ਮਾਸਟਰ ਤੇ ਆਪਣੀ ਰਣਜੀਤ ਦੀ ਜੋੜੀ ਮਾੜੀ ਨਹੀਂ ਰਹੇਗੀ।

ਲੱਖਾ : ਉਹ ਮੈਂ ਤੈਨੂੰ ਜੋੜੀਆਂ ਜੋੜਨ ਵਾਸਤੇ ਨਹੀਂ ਬੁਲਾਇਆ।

ਸ਼ਿੰਗਾਰਾ : ਹਾਂ ਪਰ ਤੁਸੀਂ ਤਾਂ ਮਾਸਟਰ ਜਗਤਾਰ ਦਾ ਕੰਡਾ ਕੱਢਣ ਵਾਸਤੇ ਬੁਲਾਇਆ ਏ... ਕੰਡਾ ਕੱਢ ਦੇਵਾਂਗੇ, ਇਹ ਕਿਹੜਾ ਕੋਈ ਮੁਸ਼ਕਲ ਗੱਲ ਏ... ਕਹਾਂਗੇ ਕਿ ਮਾਸਟਰ ਜਗਤਾਰ ਕੁੜੀਆਂ ਪੜ੍ਹਾਉਣ ਵੇਲੇ ਹੋਰ-ਹੋਰ ਗੱਲਾਂ ਕਰਦਾ ਏ ਤੇ ਲੋਕਾਂ ਨੂੰ ਇਤਲਾਹ ਕਰਨਾ ਮੁਸ਼ਕਲ

ਨਹੀਂ ਹੋਵੇਗਾ।ਹੁਣ ਸੱਥ ਵਿਚ ਮਾਸਟਰ ਬਾਰੇ ਗੱਲ ਪਏ ਕਰਦੇ ਸਨ।

ਲੱਖਾ : ਕੀ ਗੱਲਾਂ ਪਏ ਕਰਦੇ ਸਨ ?

ਸ਼ਿੰਗਾਰਾ : ਕਿ ਸਹਾਰਨਪੁਰ ਦੇ ਨੇੜੇ ਮਾਸਟਰ ਕੁੜੀਆਂ ਨੂੰ ਨਾਲ ਲੈ ਕੇ ਨਾਲ ਦੇ ਕਸਬੇ ਵਿਚ ਇਮਤਿਹਾਨ ਦਿਵਾਉਣ ਲੈ ਗਿਆ ਉਥੇ ਉਨ੍ਹਾਂ ਨੂੰ ਦੇਰ ਹੋ ਗਈ, ਉਨ੍ਹਾਂ ਨੂੰ ਉਥੇ ਰਾਤ ਰਹਿਣਾ ਪਿਆ ਤੇ ਮਾਸਟਰ ਨੇ ਕੁੜੀ ਨੂੰ ਕੁਝ ਖੁਆ ਕੇ ਉਹਦੀ ਇੱਜ਼ਤ ਲੁੱਟੀ।ਪਰ ਜੀ ਮਾਸਟਰ ਜਗਤਾਰ ਇਹੋ ਜਿਹਾ ਨਹੀਂ ਉਹ ਤਾਂ ਸਾਊ ਬੰਦਾ, ਜਿਹਦੇ ਬਾਰੇ ਸੌਂਹ ਚੁੱਕੀ ਜਾਵੇ ਪਰ ਤੁਸੀਂ ਤਾਂ ਉਹਦਾ ਕੰਡਾ ਕੱਢਣਾ ਚਾਹੁੰਦੇ ਹੋ। ਕੱਢ ਦਿਆਂਗੇ ਇਹ ਤੁਹਾਡੀ ਇੱਜ਼ਤ ਵਾਲੀ ਗੱਲ ਏ।

ਲੱਖਾ : ਬਸ ਤੂੰ ਆਖ ਦੇਵੀਂ ਕਿ ਤੇਰੀ ਕੁੜੀ ਦੀ ਇੱਜ਼ਤ ਨੂੰ ਹੱਥ ਪਾਇਆ।

*(ਸ਼ਿੰਗਾਰਾ ਇਕ ਦਮ ਚੌਂਕ ਜਾਂਦਾ ਹੈ।)*

ਸ਼ਿੰਗਾਰਾ : ਚੰਗੀ ਗੱਲ ਪਏ ਕਰਦੇ ਹੋ, ਆਪਣੀ ਇੱਜ਼ਤ ਨੂੰ ਬਚਾਉਂਦੇ ਹੋ ਤੇ ਸਾਡੀ ਇੱਜਤ ਨੂੰ ਰੋਲਦੇ ਹੋ।ਪਰ ਚਲੋ ਗਰੀਬ ਦੀ ਕਿਹੜੀ ਇੱਜ਼ਤ ਹੁੰਦੀ ਹੈ ? ਇਹ ਦੱਸੋ ਕੀ ਮਾਲ ਕਿੰਨਾ ਢਿੱਲਾ ਕਰੋਗੇ ?

ਲੱਖਾ : ਉਏ ਮਾਲ ਵੱਲੋਂ ਅੱਗੇ ਕੋਈ ਕਸਰ ਰਹਿਣ ਦਿੱਤੀ ਏ ?

ਸ਼ਿੰਗਾਰਾ : ਅੱਗੇ ਵਾਲੀ ਗੱਲ ਹੋਰ ਸੀ ਇਹ ਤਾਂ ਇੱਜ਼ਤ ਵਾਲੀ ਗੱਲ ਏ।ਤੁਹਾਡੀ ਇੱਜ਼ਤ ਬਚਾਉਣੀ ਏ ਤੇ ਆਪਣੀ ਇੱਜ਼ਤ ਰੋਲਣੀ ਏ।

ਲੱਖਾ : ਉਏ ਤੂੰ ਗੱਲ ਹੀ ਉਡਾਉਣੀ ਏ ਇਹ ਗੱਲ ਸਭ ਵਿਚ ਹੀ ਕਰਨੀ ਏ ਤੇ ਫਿਰ ਇਸ਼ਾਰੇ ਦੀ ਉਡੀਕ ਕਰਨੀ ਏ ਕਿ ਬਾਪੂ ਜੀ ਘਰ ਨਾ ਹੋਣ ਜਗਤਾਰ ਬਾਪੂ ਜੀ ਹੋਰਾਂ ਨੂੰ ਮਿਲਣ ਆਏ ਜੀਤੀ ਘਰ ਆਏ ਜਗਤਾਰ ਨੂੰ ਚਾਹ ਲਈ ਬਿਠਾਏ ਤੇ ਤੁਸੀਂ ਘਰ ਆਏ ਨੂੰ ਘੇਰ ਲਵੋ। ਕਿਉਂ ਕਿਹੋ ਜਿਹੀ ਰਹੀ ਤਜਵੀਜ਼।

ਸ਼ਿੰਗਾਰਾ : ਤਜਵੀਜ਼ ਕੋਈ ਚੰਗੀ ਨਹੀਂ, ਕਮੀਣੀ ਜਿਹੀ ਗੱਲ ਏ। ਚਲੋ ਕਰ ਲਵਾਂਗੇ ਵਿਚੋਂ ਤਾਂ ਮਾਸਟਰ ਜਗਤਾਰ ਦਾ ਕੰਡਾ ਹੀ ਕੱਢਣੈ, ਅੱਛਾ ਜੀ ਫਿਰ ਸਤਿ ਸ੍ਰੀ ਅਕਾਲ।(ਜਾਂਦਿਆਂ ਹੋਇਆਂ ਫੇਰ ਮੁੜਦਾ ਹੈ।) ਥੋੜਾ ਜਿਹਾ ਅਡਵਾਂਸ ਦੇ ਦੇਵੋ ਅੱਜ ਕੱਲ੍ਹ ਨਸ਼ੇ ਪਾਣੀ ਵੱਲੋਂ ਹੱਥ ਤੰਗ ਏ।

ਲੱਖਬੀਰ : ਲੈ ਮਰਦਾ ਕਿਉਂ ਜਾਂਦਾ ਏ ? (ਸ਼ਿੰਗਾਰਾ ਜਾਣਦਾ ਤੇ ਲੱਖਾ ਆਪਣੇ ਆਪ ਨੂੰ) ਹੁਣ ਨਿੱਬੜਾਂਗਾ ਮਾਸਟਰ ਜਗਤਾਰ ਨਾਲ।

*(ਫੇਡ ਆਊਟ)*

## ਸੀਨ ਤੀਜਾ

(ਜਗਤਾਰ ਜੀਤੀ ਨਾਲ ਗੱਲਾਂ ਕਰ ਰਿਹਾ ਹੈ।)

ਜਗਤਾਰ : ਤੁਸੀਂ ਔਰਤਾਂ ਨਾਲ ਆਈਆਂ ਹੋ, ਇਹਦਾ ਨਤੀਜਾ ਇਹ ਨਿਕਲਿਆ ਕਿ ਸਰਦਾਰ ਸੋਢੀ ਹੁਰਾਂ ਨੂੰ ਹੱਥ ਕੜੀ ਲੱਗੀ ਏ।

ਜੀਤੀ : ਇੰਸਪੈਕਟਰ ਤਾਂ ਟਾਲ-ਮਟੋਲ ਕਰਦਾ ਸੀ ਕਿ ਹਸਪਤਾਲ ਦੀ ਰਿਪੋਰਟ ਸਹੀ ਆਈ, ਉਹਨੂੰ ਉਦੋਂ ਚੁੱਪ ਕਰਨਾ ਪਿਆ ਜਦੋਂ ਰਿਪੋਰਟ ਦੀ ਕਾਪੀ ਤੁਸੀਂ ਉਹਦੀ ਮੇਜ ’ਤੇ ਰੱਖ ਦਿੱਤੀ।

ਜਗਤਾਰ : ਅੱਜ ਹਰ ਸੰਘਰਸ਼ ਲਈ ਦੋਨੋਂ ਰਾਹ ਅਖਤਿਆਰ ਕਰਨੇ ਪੈਂਦੇ ਨੇ, ਕਾਨੂੰਨ ਵਾਲੇ ਵੀ ਤੇ ਸਰਗਰਮ ਜੱਦੋ-ਜਹਿਦ ਵਾਲੇ ਵੀ। ਕਾਨੂੰਨ ਦੀ ਮੰਗ ਡਾਕਟਰੀ ਰਿਪੋਰਟ ਏ, ਪੂਰੀ ਕੀਤੀ ਏ ਤੇ ਜੱਦੋ-ਜਹਿਦ ਦੀ ਮੰਗ ਤੁਹਾਡੀਆਂ ਤੀਵੀਆਂ ਨੇ ਪੂਰੀ ਕੀਤੀ ਏ। ਹਾਂ ਤੇ ਬਾਪੂ ਜੀ ਨੇ ਮੇਰੇ ਨਾਲ ਇਕ ਗੱਲ ਕੀਤੀ ਏ।

ਜੀਤੀ : ਮੈਨੂੰ ਪਤਾ ਕੀ ਗੱਲ ਕੀਤੀ ਏ ਤੇ ਤੁਸੀਂ ਕੀ ਆਖਿਆ ?

ਜਗਤਾਰ : ਮੈਂ ਨਾਂਹ ਨਹੀਂ ਕਰ ਸਕਦਾ। ਜ਼ਿੰਦਗੀ ਵਿਚ ਕਈ ਹਾਦਸੇ ਇਤਫਾਕ ਨਾਲ ਵਾਪਰ ਜਾਂਦੇ ਨੇ ਤੇ ਇਹ ਇਤਫਾਕ ਹੀ ਸੀ ਕਿ ਮੈਂ ਪਿੰਡ ਵਿਚ ਬਦਲ ਕੇ ਆਇਆ। ਇਹ ਵੀ ਇਤਫਾਕ ਸੀ ਕਿ ਸੂਬੇਦਾਰ ਹੁਰਾਂ ਨੇ ਸੱਥ ਵਿਚ ਮੇਰੇ ਵਿਚਾਰ ਸੁਣੇ ਤੇ ਮੈਨੂੰ ਘਰ ਬੁਲਾਇਆ।

ਜੀਤੀ : ਇਹ ਵੀ ਇਤਫਾਕ ਹੀ ਸੀ ਕਿ ਮੈਂ ਉਸ ਗੱਲਬਾਤ ਵਿਚ ਸ਼ਾਮਲ ਹੋਈ ਮੈਨੂੰ ਤੁਹਾਡੇ ਤੇ ਤੁਹਾਨੂੰ ਮੇਰੇ ਵਿਚਾਰ ਜਾਨਣ ਦਾ ਮੌਕਾ ਮਿਲਿਆ ਤੇ ਅਸੀਂ ਹੌਲੇ-ਹੌਲੇ ਇਹ ਫ਼ੈਸਲਾ ਕਰ ਸਕੇ ਕਿ ਇਸ ਕੇਸ ਦਾ ਹੁਣ ਕੀ ਬਣੇਗਾ। ਸਾਡੇ ਘਰ ਵਿਚ ਤਾਂ ਇਸ ਕੇਸ ਬਾਰੇ ਬੜੀ ਚਰਚਾ ਹੈ। ਵੀਰ ਜੀ ਸੋਢੀ ਅਮਰਜੀਤ ਸਿੰਘ ਦੇ ਪੂਰੀ ਤਰ੍ਹਾਂ ਹੱਕ ਵਿਚ ਨੇ।

ਜਗਤਾਰ : ਤੇ ਬਾਪੂ ਜੀ ?

ਜੀਤੀ : ਬਾਪੂ ਜੀ ਸਾਡੇ ਨਾਲ ਨੇ। ਭਾਵੇਂ ਸੋਢੀ ਹੋਰਾਂ ਦੇ ਟੱਬਰ ਨਾਲ ਸਾਡੀ ਤਿੰਨ ਪੁਸ਼ਤਾਂ ਦੀ ਸਾਂਝ ਏ ਪਰ ਗੱਲ ਅਸੂਲ ਦੀ ਏ। ਉਂਝ ਤੁਹਾਡਾ ਕੀ ਖਿਆਲ ਹੈ ਕਿ ਸੋਢੀ ਅਮਰਜੀਤ ਦੇ ਖਿਲਾਫ਼ ਕੋਈ ਕਾਰਵਾਈ ਹੋਵੇਗੀ ?

ਜਗਤਾਰ : ਇਕ ਲੰਮਾ ਸੰਘਰਸ਼ ਹੋਵੇਗਾ, ਇਨ੍ਹਾਂ ਵੱਡੇ ਲੋਕਾਂ ਨੂੰ ਦੋ ਹੀ ਗੱਲਾਂ ਦਾ ਆਸਰਾ ਹੁੰਦਾ, ਇਕ ਆਪਣੇ ਪੈਸੇ ਦਾ ਤੇ ਦੂਜਾ ਲੋਕਾਂ ਦੀ ਭੁੱਲਣ ਸ਼ਕਤੀ ਦਾ। ਇਹ ਪੈਸੇ ਵਾਲੇ ਸੋਚਦੇ ਨੇ ਕਿ ਲੋਕ ਰੌਲਾ

ਪਾਉਂਦੇ-ਪਾਉਂਦੇ ਥੱਕ ਜਾਣਗੇ ਤੇ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ ਤੇ ਮੈਨੂੰ ਇਹ ਵੀ ਪਤਾ ਏ ਕਿ ਇਹ ਲੜਾਈ ਪੂਰੀ ਤਰ੍ਹਾਂ ਤੁਹਾਡੇ ਘਰ ਪੁੱਜ ਗਈ ਏ। ਲਖਬੀਰ ਬਾਰੇ ਤਾ ਹੁਣ ਚਰਚਾ ਹੈ ਕਿ ਉਹ ਇਸ ਕੇਸ ਵਿਚ ਪੂਰੀ ਤਰ੍ਹਾਂ ਸੋਢੀ ਅਮਰਜੀਤ ਹੋਰਾਂ ਦੇ ਹੱਕ ਵਿਚ ਪੈਰਵੀ ਕਰ ਰਿਹਾ ਹੈ।

ਜੀਤੀ : ਮੈਨੂੰ ਪਤਾ ਇਹ ਵੀ ਪਤਾ ਏ ਕਿ ਉਹ ਤੁਹਾਨੂੰ ਵੀ ਕਿਸੇ ਨਾ ਕਿਸੇ ਕੇਸ ਵਿਚ ਫਸਾਉਣ ਦੀ ਸਾਜਿਸ਼ ਕਰ ਰਿਹਾ। ਇਹ ਵੀ ਯਤਨ ਕਰ ਰਿਹਾ ਕਿ ਤੁਹਾਡੀ ਇਥੋਂ ਦੂਰ ਦੁਰਾਡੇ ਬਦਲੀ ਹੋ ਜਾਵੇ।

*(ਬਾਹਰੋਂ ਅਵਾਜ਼ਾਂ ਆਉਂਦੀਆਂ ਨੇ।)*

1 : ਘੇਰ ਲਵੋ ਹੁਣ ਇਹ ਮਾਸਟਰ ਬਚ ਕੇ ਨਾ ਜਾਵੇ।

2 : ਸਕੂਲ ਵਿਚ ਵੀ ਕੁੜੀਆਂ ਨੂੰ ਹੋਰ-ਹੋਰ ਗੱਲਾਂ ਪੜ੍ਹਾਉਂਦਾ ਏ।

1 : ਤੇ ਸਕੂਲ ਦੇ ਬਾਹਰ ਵੀ ਇਸ਼ਕ ਲੜਾਉਂਦਾ ਏ।

2 : ਲਖਵਿੰਦਰ ਸਿੰਘ ਜੇ ਕਹੇ ਤਾਂ ਅੱਜ ਇਹਦੇ ਇਥੇ ਹੀ ਟੋਟੇ-ਟੋਟੇ ਕਰ ਦਈਏ।

ਲੱਖਾ : ਨਹੀਂ ਮੂੰਹ ਕਾਲਾ ਕਰਕੇ ਪਿੰਡ ਦੀ ਸੱਥ 'ਚ ਲੈ ਕੇ ਜਾਵਾਂਗੇ, ਪੰਚਾਇਤ ਇਕੱਠੀ ਹੋਵੇਗੀ, ਲੋਕ 'ਕੱਠੇ ਹੋਣਗੇ।

*(ਅਵਾਜ਼ ਸੁਣ ਕੇ ਜੀਤੀ ਤੇ ਜਗਤਾਰ ਪ੍ਰਤੀਕਰਮ ਦਿੰਦੇ ਨੇ। ਲਖਵਿੰਦਰ ਅੰਦਰ ਆਉਂਦਾ ਹੈ।)*

ਲੱਖਾ : ਮਾਸਟਰ ਤੈਨੂੰ ਕਿਹਾ ਸੀ ਕਿ ਬਾਜ ਆ ਜਾ, ਸਾਡੇ ਘਰ ਦੀ ਇੱਜ਼ਤ 'ਤੇ ਹੱਥ ਨਾ ਪਾ, ਪਰ ਤੂੰ ਬਾਜ ਨਾ ਆਇਆ। ਹੁਣ ਤੇਰਾ ਮੂੰਹ ਕਾਲਾ ਕਰਕੇ ਜਲੂਸ ਕੱਢਿਆ ਜਾਵੇਗਾ।

ਜੀਤੀ : ਇਨ੍ਹਾਂ ਦਾ ਮੂੰਹ ਕਾਲਾ ਕਿਉਂ ਕੀਤਾ ਜਾਵੇਗਾ ? ਇਹ ਇਥੇ ਕੋਈ ਚੋਰੀ ਨਹੀਂ ਆਏ, ਇਨ੍ਹਾਂ ਨੂੰ ਲਿਜਾਉਗੇ ਤਾਂ ਮੈਂ ਵੀ ਨਾਲ ਜਾਵਾਂਗੀ।

*(ਜਗਤਾਰ ਦੇ ਅੱਗੇ ਆ ਕੇ ਖਲੋ ਜਾਂਦੀ ਹੈ। ਲੱਖਾ ਉਸ ਨੂੰ ਖਿੱਚ ਕੇ ਪਰ੍ਹੇ ਕਰ ਦਿੰਦਾ ਹੈ। ਸੂਬੇਦਾਰ ਹੋਰੀਂ ਆ ਜਾਂਦੇ ਨੇ।)*

ਬਾਪੂ ਜੀ : ਉਹ ਲਖਬੀਰ ਬਾਹਰ ਤੇ ਤੂੰ ਹੁਣ ਚੱਲ ਤੇ ਵੇਖ ਕਿ ਜਲੂਸ ਕਿਹਦਾ ਨਿਕਲਦੈ ? ਸ਼ਿੰਗਾਰੇ ਨੇ ਮੈਨੂੰ ਸਾਰੀ ਗੱਲ ਦੱਸ ਦਿੱਤੀ ਏ। ਭੈੜੇ ਬੰਦੇ ਸਮਝਦੇ ਨੇ ਕਿ ਸਾਊ ਬੰਦਿਆਂ ਨੂੰ ਚਿਤ ਕਰਕੇ ਉਹ ਆਪਣੀ ਜਿੱਤ ਕਰ ਸਕਦੇ ਨੇ। ਮੈਨੂੰ ਨਹੀਂ ਸੀ ਪਤਾ ਕਿ ਤੂੰ ਕਮੀਨਗੀ ਦੀ ਇਸ ਹੱਦ ਤੱਕ ਜਾ ਸਕਦਾ ਏ।

*(ਲੱਖਾ ਹਾਰੀ ਹੋਈ ਮੁਦਰਾ ਵਿਚ ਪਿੱਛੇ ਹੁੰਦਾ ਹੈ।ਸੂਬੇਦਾਰ ਆ ਕੇ ਇਕ-ਇਕ ਪਾਸੇ ਮਾਸਟਰ ਜਗਤਾਰ ਤੇ ਦੂਜੇ ਪਾਸੇ ਜੀਤੀ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ।)*

ਬਾਪੂ ਜੀ : ਥਾਣੇ ਦੇ ਘਿਰਾਓ ਵੇਲੇ ਤੁਸੀਂ ਦੋਵੇਂ ਮੋਢੇ ਨਾਲ ਮੋਢਾ ਜੋੜਿਆ ਤੇ ਲੋਕਾਂ ਦੇ ਹਿੱਤ ਦੀ ਲੜਾਈ ਲੜੀ। ਮੈਂ ਚਾਹੁੰਦਾ ਹਾਂ ਕਿ ਜ਼ਿੰਦਗੀ ਦੀ ਵੱਡੀ ਲੜਾਈ ਵਿਚ ਵੀ ਤੁਸੀਂ ਮੋਢੇ ਨਾਲ ਮੋਢਾ ਜੋੜੋ ਤੇ ਚੰਗੀ ਜ਼ਿੰਦਗੀ ਬਣਾਉਣ ਲਈ ਸੰਘਰਸ਼ ਦੇ ਰਾਹ ਵਿਚ ਇਕੱਤਰ ਹੋ ਕੇ ਚੱਲੋ।

*(ਦੋਨਾਂ ਦੇ ਹੱਥ ਮਿਲਾ ਕੇ ਉੱਚਾ ਕਰਦਾ ਹੈ, ਜਦੋਂ ਪਿਛੋਂ ਗੀਤ ਦੀ ਅਵਾਜ਼ ਆਉਂਦੀ ਹੈ।)*

ਗੀਤ :
ਅਸੀਂ ਚਲੇ ਹਾਂ ਸਾਥੀ ਅਸੀਂ ਯੁੱਗ ਸਿਰਜਾਂਗੇ
ਜੋੜਕੇ ਮੋਢੇ ਨਾਲ ਮੋਢਾ ਅਸੀਂ ਯੁੱਗ ਸਿਰਜਾਂਗੇ
ਮਿਲਾ ਕੇ ਹੱਥ ਨਾਲ ਹੱਥ ਅਸੀਂ ਯੁੱਗ ਸਿਰਜਾਂਗੇ
ਹੱਕ ਤੇ ਸੱਚ ਲਈ ਯਾਰਾ ਅਸੀਂ ਯੁੱਗ ਸਿਰਜਾਂਗੇ
ਅਸੀਂ ਯੁੱਗ ਸਿਰਜਾਂਗੇ...